# एह जोगी किधरो आ गया सिंगियाँ वाला जोगी

एह जोगी किधरो आ गया सिंगियाँ वाला जोगी,
एह जोगी किधरो आ गया पुआ वाला जोगी,

शीश जोगी दे जटा सुनेहरी गल विच सिंगी पहुये पेरी,
एह औलख नाहरा ला रहा सिंगियाँ वाला जोगी,
एह जोगी किधरो आ गया धुनें वाला जोगी,

घर रत्नों दे चारे गईयाँ हेठ बोह्डा दे धुनियाँ लाइयाँ,
धुनियाँ तपा रिहा चिमटे वाला जोगी,
एह जोगी किधरो आ गया सिंगिया धुनें वाला जोगी,

गोरख शाह तलाइया आया गुरु गोरख दा मान गवाया,
एह शक्ति नाल हरा रिहा मोरा वाला जोगी,
एह जोगी किधरो आ गया सिंगिया धुनें वाला जोगी,

मोर सवारी करके आया विच गुफा दे डेरा लाया,
एह मोर उड़री ला रिहा मोरा वाला जोगी,
एह जोगी किधरो आ गया सिंगिया धुनें वाला जोगी,

पनमे जद दा पला फड़ेया पोड़ी जांदा एक एक चडेया,
एह चरना दे नाल ला रिहा झोली वाला जोगी,
एह जोगी किधरो आ गया सिंगिया धुनें वाला जोगी,
एह जोगी किधरो आ गया खडावा वाला जोगी,

ਇਹ ਜੋਗੀ ਕਿਧਰੋਂ ਆ ਗਿਆ, ਸਿੰਗੀਆਂ ਵਾਲਾ ਜੋਗੀ x॥
ਇਹ ਜੋਗੀ ਕਿਧਰੋਂ ਆ ਗਿਆ, ਪਊਆਂ ਵਾਲਾ ਜੋਗੀ x॥

ਸੀਸ ਜੋਗੀ ਦੇ, ਜਟਾਂ ਸੁਨਿਹਰੀ, "ਗੱਲ ਵਿੱਚ ਸਿੰਗੀ, ਪਹੂਏ ਪੈਰੀਂ" '॥
ਇਹ ਔਲਖ ਨਾਹਰਾ, ਲਾ ਰਿਹਾ, ਸਿੰਗੀਆਂ ਵਾਲਾ ਜੋਗੀ,
ਇਹ ਜੋਗੀ ਕਿਧਰੋਂ ਆ ਗਿਆ, ਸਿੰਗੀਆਂ/ਧੂਣੇ ਵਾਲਾ ਜੋਗੀ ॥

ਘਰ ਰਤਨੋ ਦੇ, ਚਾਰੇ ਗਾਈਆਂ, "ਹੇਠ ਬੋਹੜ ਦੇ, ਧੂਣੀਆਂ ਲਾਈਆਂ" ॥
ਧੂਣੀਆਂ, ਤਪਾ ਰਿਹਾ, ਚਿਮਟੇ ਵਾਲਾ ਜੋਗੀ,
ਇਹ ਜੋਗੀ ਕਿਧਰੋਂ ਆ ਗਿਆ, ਸਿੰਗੀਆਂ/ਚਿਮਟੇ ਵਾਲਾ ਜੋਗੀ ॥

ਗੋਰਖ ਸ਼ਾਹ-ਤਲਾਈਏਂ ਆਇਆ, "ਗੁਰੂ ਗੋਰਖ ਦਾ, ਮਾਣ ਗਵਾਇਆ" ॥
ਇਹ ਸ਼ਕਤੀ ਨਾਲ, ਹਰਾ ਰਿਹਾ, ਧੂਣੇ ਵਾਲਾ ਜੋਗੀ,
ਇਹ ਜੋਗੀ ਕਿਧਰੋਂ ਆ ਗਿਆ, ਸਿੰਗੀਆਂ/ਧੂਣੇ ਵਾਲਾ ਜੋਗੀ ॥

ਮੋਰ ਸਵਾਰੀ, ਕਰਕੇ ਆਇਆ, "ਵਿੱਚ ਗੁਫਾ ਦੇ, ਡੇਰਾ ਲਾਇਆ" ॥

ਇਹ ਮੋਰ ਉਡਾਰੀ, ਲਾ ਰਿਹਾ, ਮੋਰਾਂ ਵਾਲਾ ਜੋਗੀ,
ਇਹ ਜੋਗੀ ਕਿਧਰੋਂ ਆ ਗਿਆ ਸਿੰਗੀਆਂ/ਮੋਰਾਂ ਵਾਲਾ ਜੋਗੀ ॥

ਪੰਮੇ ਜਦ ਦਾ, ਪੱਲਾ ਫੜ੍ਹਿਆ, "ਪੌੜ੍ਹੀ ਜਾਂਦਾ, ਇੱਕ ਇੱਕ ਚੜ੍ਹਿਆ" ॥
ਇਹ ਚਰਨਾਂ ਦੇ ਨਾਲ, ਲਾ ਰਿਹਾ, ਝੋਲੀ ਵਾਲਾ ਜੋਗੀ,
ਇਹ ਜੋਗੀ ਕਿਧਰੋਂ ਆ ਗਿਆ, ਸਿੰਗੀਆਂ/ਚਿਮਟੇ ਵਾਲਾ ਜੋਗੀ ॥
ਇਹ ਜੋਗੀ ਕਿਧਰੋਂ ਆ ਗਿਆ, ਖੜਾਵਾਂ ਵਾਲਾ ਜੋਗੀ ।
ਅਪਲੋਡਰ- ਅਨਿਲ ਰਾਮੂਰਤੀ ਭੋਪਾਲ

https://bhajanganga.com/bhajan/lyrics/id/10937/title/eh-jogi-kidharo-aa-geya-singiyan-vala-jogi

अपने Android मोबाइल पर BhajanGanga App डाउनलोड करें और भजनों का आनंद ले |